
# ਦਰਪੇਸ਼ ਸਮਕਾਲੀ ਮਸਲਿਆਂ ਬਾਰੇ ਨਾਟਕ 'ਕਸ਼ਮੀਰ'

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਕੌਮ ਨੂੰ ਦਰਪੇਸ਼ ਸਮਕਾਲੀ ਮਸਲਿਆਂ ਬਾਰੇ ਲਿਖੇ ਜਾਣ ਵਾਲੇ ਨਾਟਕਾਂ ਦੀ ਰਵਾਇਤ ਵਿਚ ਮੇਰੇ ਵਲੋਂ ਇਹ ਨਾਟਕ ਲਿਖਿਆ ਗਿਆ ਹੈ। ਸਿਆਸਤਦਾਨਾਂ ਨੇ ਆਪਣੇ ਨਜ਼ਰੀਏ ਨਾਲ ਇਸ ਮਸਲੇ ਨੂੰ ਲੈਣਾ ਹੈ ਪਰ ਇਕ ਸਾਹਿਤਕਾਰ ਅਤੇ ਨਾਟਕਕਾਰ ਨੇ ਆਪਣਾ ਨਜ਼ਰੀਆ ਪੇਸ਼ ਕਰਨਾ ਹੁੰਦਾ ਹੈ। ਇਹ ਨਜ਼ਰੀਆ ਸੌੜੀ ਸਿਆਸਤ ਤੋਂ ਉਤੇ ਉਠ ਕੇ ਬੁਨਿਆਦੀ ਤੌਰ 'ਤੇ ਮਾਨਵਵਾਦੀ ਸੋਚ ਅਪਣਾਉਂਦਾ ਹੈ। ਇਹ ਮਸਲਾ ਪਿਛਲੇ 52 ਸਾਲਾਂ ਤੋਂ ਲਟਕ ਰਿਹਾ ਹੈ ਅਤੇ ਇਹ ਲਟਕ ਇਸ ਲਈ ਰਿਹਾ ਹੈ ਕਿਉਂਕਿ ਪਾਕਿਸਤਾਨ ਤੇ ਹਿੰਦੁਸਤਾਨ ਇਸ ਨੂੰ ਸਹੀ ਤਰੀਕੇ ਨਾਲ ਸੰਬੋਧਤ ਨਹੀਂ ਹੋ ਸਕੇ। ਉਨ੍ਹਾਂ ਦੀ ਗਲਤ ਪਹੁੰਚ ਕਾਰਨ ਕਸ਼ਮੀਰ ਦੇ ਲੋਕ ਭਾਵੇਂ ਉਹ ਮੁਸਲਮਾਨ ਹਨ, ਭਾਵੇਂ ਹਿੰਦੂ ਹਨ ਜਾਂ ਸਿੱਖ ਹਨ, ਵੱਡਾ ਦੁੱਖ ਉਠਾ ਰਹੇ ਹਨ। ਕਸ਼ਮੀਰ ਤੋਂ ਬਾਅਦ ਜਿਹੜਾ ਹੋਰ ਵੱਡਾ ਦੁੱਖ ਹੈ, ਉਹ ਪੰਜਾਬ ਦੇ ਲੋਕਾਂ ਨੂੰ ਹੈ। ਦੋਨੋਂ ਪੰਜਾਬਾਂ ਦੇ ਸਾਧਾਰਨ ਲੋਕ ਚਾਹੁੰਦੇ ਹਨ ਕਿ ਇਸ ਮਸਲੇ ਦਾ ਹੱਲ ਹੋਵੇ ਅਤੇ ਉਹ ਆਪਸੀ ਅਮਨ-ਅਮਾਨ ਨਾਲ ਰਹਿਣ। ਦੋਨੋਂ ਮੁਲਕਾਂ ਦੀਆਂ ਅਖਬਾਰਾਂ ਭਾਵੇਂ ਇਸ ਜਜ਼ਬੇ ਨੂੰ ਪੇਸ਼ ਕਰਦੀਆਂ ਰਹਿੰਦੀਆਂ ਹਨ ਪਰ ਉਨ੍ਹਾਂ ਦੀ ਪਹੁੰਚ ਪੱਖਵਾਦੀ ਹੈ। ਹਿੰਦੁਸਤਾਨ ਦੀਆਂ ਅਖਬਾਰਾਂ ਪਾਕਿਸਤਾਨ ਤੋਂ ਆਏ ਘੁਸਪੈਠੀਆਂ ਨੂੰ ਮਸਲੇ ਦੀ ਜੜ੍ਹ ਸਮਝਦੀਆਂ ਹਨ ਜਦੋਂ ਕਿ ਪਾਕਿਸਤਾਨ ਦੀਆਂ ਅਖਬਾਰਾਂ ਹਿੰਦੁਸਤਾਨ ਨੂੰ ਹਿੰਦੂ ਸਾਮਰਾਜ ਕਹਿ ਕੇ ਪੇਸ਼ ਕਰਦੀਆਂ ਹਨ। ਮਸਲਾ ਖੜ੍ਹੇ ਦਾ ਖੜ੍ਹਾ ਹੈ।

ਨਾਟਕ 'ਕਸ਼ਮੀਰ' ਵਿਚ ਨਾਟਕਕਾਰ ਦਾ ਮੱਤ ਹੈ ਕਿ ਦੋਨੋਂ ਮੁਲਕ ਬਹੁਤ ਹੀ ਗਲਤ ਹਨ। ਕਸ਼ਮੀਰ ਦਾ ਮਸਲਾ ਕਸ਼ਮੀਰ ਦੇ ਲੋਕਾਂ ਨਾਲ ਤੁਅਲਕ ਰੱਖਦਾ ਹੈ ਅਤੇ ਇਹ ਉਨ੍ਹਾਂ ਦੀ ਮਰਜ਼ੀ ਨਾਲ ਹੀ ਹੱਲ ਹੋ ਸਕਦਾ ਹੈ। ਕਸ਼ਮੀਰ ਦੇ ਲੋਕ ਬਾਕਾਇਦਾ ਧਿਰ ਹਨ। ਇਹ ਨਾਟਕ ਬਾਕਾਇਦਾ ਸਪਸ਼ਟ ਤੌਰ 'ਤੇ ਇਹ ਪਹੁੰਚ ਅਪਣਾਉਂਦਾ ਹੈ। ਇਹ ਸਿਆਸੀ ਪਹੁੰਚ ਵਾਲੇ ਨਾਟਕ, ਨਾਟਕ ਸਾਹਿਤ ਦਾ ਬਾਕਾਇਦਾ ਅੰਗ ਹਨ। ਬਰਨਾਰਡ ਸ਼ਾਅ (1856-1950) ਦੇ ਬਹੁਤ ਸਾਰੇ ਨਾਟਕ, 'ਆਰਮਜ਼ ਐਂਡ ਦੀ ਮੈਨ, 'ਮੈਨ ਐਂਡ ਸੁਪਰਮੈਨ', 'ਮੇਜਰ ਬਾਰਬਰਾ' ਆਦਿਕ ਇਸ ਦੀਆਂ ਮਿਸਾਲਾਂ ਹਨ। ਆਪਣੇ ਨਾਟਕਾਂ ਵਿਚ ਉਹ ਬੇਬਾਕ ਹੋ ਕੇ ਸਮਕਾਲੀ ਮਸਲਿਆਂ 'ਤੇ ਟਿੱਪਣੀ ਕਰਦਾ ਸੀ ਅਤੇ ਇਹ ਟਿੱਪਣੀਆਂ ਆਮ ਤੌਰ 'ਤੇ ਸਥਾਪਤੀ ਦੇ ਵਿਰੁੱਧ ਹੁੰਦੀਆਂ ਸਨ। ਉਹ ਆਪਣੀ ਗੱਲ ਸਪਸ਼ਟ ਕਰਨ ਲਈ ਆਪਣੇ ਨਾਟਕਾਂ ਦੀਆਂ ਲੰਮੀਆਂ ਭੂਮਿਕਾਵਾਂ ਵੀ ਲਿਖਦਾ ਸੀ। ਨਾਟਕ 'ਕਸ਼ਮੀਰ' ਦੀ ਰੂਪ-ਰੇਖਾ ਇਸ ਤਰ੍ਹਾਂ ਵਿਉਂਤੀ ਗਈ ਹੈ ਕਿ ਸਾਰੇ ਮਸਲੇ ਦੀ ਵਿਸਥਾਰ ਨਾਲ ਵਿਆਖਿਆ ਹੋ ਸਕੇ।

ਨਾਟਕ ਸ਼ੁਰੂ ਹੋਣ 'ਤੇ ਨਾਟਕਕਾਰ ਸਟੇਜ ਦੇ ਇਕ ਪਾਸੇ ਬੈਠਾ ਕਾਹਲੀ ਕਾਹਲੀ ਕੁਝ ਲਿਖ ਰਿਹਾ ਹੈ। ਉਹਦੀ ਬੇਟੀ ਆਉਂਦੀ ਹੈ। ਸਥਿਤੀ ਹੈ ਕਿ ਨਾਟਕਕਾਰ ਪਿਛਲੇ ਦੋ ਦਿਨਾਂ ਤੋਂ ਦਿਨ ਰਾਤ ਕੁਝ ਲਿਖਦਾ ਜਾ ਰਿਹਾ ਹੈ। ਉਹਦੀ ਬੇਟੀ ਉਹਦੇ 'ਤੇ ਸਵਾਲ ਕਰਦੀ ਹੈ। ਉਹ ਦੀ ਧਾਰਨਾ ਹੈ ਕਿ ਉਹਦੇ ਨਾਟਕਕਾਰ ਪਿਤਾ ਨੇ ਕਦੀ ਵੀ ਕੋਈ ਨਾਟਕ ਲਿਖਣ 'ਤੇ ਏਨੀ ਦੇਰ ਨਹੀਂ ਸੀ ਲਗਾਈ। ਉਹ ਇਹ ਵੀ ਜਾਣਦੀ ਹੈ ਕਿ ਉਹਦੇ ਪਿਤਾ ਦਾ ਨਾਂ ਨਾਟਕ ਖੇਤਰ ਵਿਚ ਇਸ ਕਰਕੇ ਵੀ ਜਾਣਿਆ ਜਾਂਦਾ ਹੈ ਕਿ ਉਹਦੇ ਪਿਤਾ ਸਮਕਾਲੀ ਮਸਲਿਆਂ 'ਤੇ ਆਪਣੀ ਬੇਖੌਫ ਟਿੱਪਣੀ ਦਿੰਦੇ ਹਨ। ਇਹ ਨਾਟਕ ਵਿਚ ਪ੍ਰਵੇਸ਼ ਹੈ। ਬਰਨਾਰਡ ਸ਼ਾਅ ਦੇ ਨਾਟਕਾਂ ਵਾਂਗ ਨਾਟਕ ਦੀ ਲੰਮੀ ਭੂਮਿਕਾ ਹੈ। ਬੇਟੀ ਨਾਲ ਵਾਰਤਾਲਾਪ ਵਿਚ ਨਾਟਕਕਾਰ ਦੀ ਦ੍ਰਿਸ਼ਟੀ ਪੂਰੀ ਤਰ੍ਹਾਂ ਉਭਰਦੀ ਹੈ। ਕਸ਼ਮੀਰ ਦਾ ਮਸਲਾ ਮੁੱਖ ਤੌਰ 'ਤੇ ਕਸ਼ਮੀਰੀਆਂ ਨਾਲ ਤੁਅਲਕ ਰੱਖਦਾ ਹੈ। ਕਸ਼ਮੀਰੀ ਮੁਸਲਮਾਨ ਵੀ ਹਨ, ਕਸ਼ਮੀਰੀ ਸਿੱਖ ਧਰਮ ਨਾਲ ਵੀ ਸਬੰਧ ਰੱਖਦੇ ਹਨ ਅਤੇ ਕਸ਼ਮੀਰੀ ਪੰਡਿਤ ਵੀ ਹਨ ਜੋ ਆਪਣੀ ਖੂਬਸੂਰਤ ਵਾਦੀ ਨੂੰ ਛੱਡਣ 'ਤੇ ਮਜਬੂਰ ਹੋਏ ਹਨ। ਮਸਲੇ ਦਾ ਹੱਲ ਉਹੀ ਹੋਵੇਗਾ ਜੋ ਕਸ਼ਮੀਰ ਦੇ ਲੋਕਾਂ ਨੂੰ ਸਵੀਕਾਰ ਹੋਵੇਗਾ। ਅੱਜ ਏਨੇ ਇੰਟਰਨੈਸ਼ਨਲ ਫੋਰਮ ਮੌਜੂਦ ਹਨ। ਸੁਹਿਰਦ ਲੋਕਾਂ ਦੀ ਵਿਚੋਲਗੀ ਨਾਲ ਇਹ ਹੱਲ ਜ਼ਰੂਰ ਹੀ ਲੱਭਿਆ ਜਾ ਸਕਦਾ ਹੈ। ਲੋੜ ਸਿਰਫ ਇਰਾਦੇ ਦੀ ਹੈ।

ਨਾਟਕ 'ਕਸ਼ਮੀਰ' ਇਕ ਘਰ ਦੀ ਕਹਾਣੀ ਹੈ। ਨੌਜਵਾਨ ਬੇਟਾ ਖਬਰ ਲਿਆਂਦਾ ਹੈ ਕਿ ਗੁਆਂਢ ਦੇ ਕਸਬੇ ਵਿਚ 35 ਲੋਕ ਮਾਰੇ ਗਏ ਹਨ ਜਿਨ੍ਹਾਂ ਦਾ ਸਿੱਖ ਧਰਮ ਨਾਲ ਸਬੰਧ ਹੈ। ਘਰ ਵਿਚ ਮਾਤਮ ਛਾ ਜਾਂਦਾ ਹੈ ਕਿਉਂਕਿ ਕਸਬੇ ਦੇ ਸਿੱਖ ਘਰਾਣਿਆਂ ਨਾਲ ਇਸ ਘਰ ਦੇ ਜੀਵਾਂ ਦਾ ਨੇੜੇ ਦਾ ਸਬੰਧ ਹੈ। ਬੇਟਾ ਬਾਪ ਨਾਲ ਬਹਿਸ ਕਰਦਾ ਹੈ ਕਿ ਉਹ ਸਿੱਖ ਲੋਕ ਤਾਂ ਮੁਜਾਹਿਦਾਂ ਦਾ ਸ਼ਿਕਾਰ ਹੋਏ ਹਨ ਕਿਉਂਕਿ ਉਨ੍ਹਾਂ ਦੀ ਹਿੰਦੁਸਤਾਨ ਦੇ ਫੌਜੀਆਂ ਨਾਲ ਸ਼ਫਕਾਨਾ ਦੋਸਤੀ ਸੀ ਜਦੋਂ ਕਿ ਬਾਪ ਦੀ ਧਾਰਨਾ ਹੈ ਕਿ ਉਹ ਦਹਿਸ਼ਤਗਰਦ ਮੁਜਾਹਿਦ ਨਹੀਂ ਸਗੋਂ ਧਾੜਵੀ ਹਨ। ਇਹ ਧਾੜਵੀ ਪਹਿਲੇ ਵੀ 1948 ਵਿਚ ਵਾਦੀ ਵਿਚ ਆਏ ਸਨ, ਜਦੋਂ ਕਿ ਬੇਟਾ ਹਾਲੇ ਜੰਮਿਆ ਨਹੀਂ ਸੀ। ਬੇਟਾ ਜੋਸ਼ ਵਿਚ ਹੈ। ਕਸ਼ਮੀਰ ਦੀ ਆਜ਼ਾਦੀ ਦੀ ਗੱਲ ਕਰਦਾ ਹੈ। ਬਾਪ ਦੀ ਧਾਰਨਾ ਹੈ ਕਿ ਦੋਨੋਂ ਮੁਲਕਾਂ ਦੀਆਂ ਸਰਕਾਰਾਂ 'ਚੋਂ ਕੋਈ ਕਸ਼ਮੀਰ ਦੋਸਤ ਦੀ ਨਹੀਂ। ਇਕ ਪਾਸੇ ਹਿੰਦੂ ਮੂਲਵਾਦੀ ਹਕੂਮਤ ਕਰ ਰਹੇ ਹਨ, ਜਿਨ੍ਹਾਂ ਦਾ ਮੁਸਲਮਾਨਾਂ ਨਾਲ ਕੋਈ ਪਿਆਰ ਨਹੀਂ, ਦੂਜੇ ਪਾਸੇ ਫੌਜੀ ਡਿਕਟੇਟਰਸ਼ਿਪ ਹੈ। ਇਸ ਐਕਟ ਦੀ ਸਮਾਪਤੀ ਮਾਂ ਦੀ ਦੁਆ ਨਾਲ ਹੁੰਦੀ ਹੈ:

*'ਯਾ ਅਲ੍ਹਾ ਸਾਡੇ ਸਾਰੇ ਲੋਕਾਂ ਉਤੇ ਰਹਿਮਤ ਦਾ ਹੱਥ ਰੱਖ।'*

ਬਾਪ ਬੇਟਾ ਵੀ ਇਸ ਦੁਆ ਵਿਚ ਸ਼ਾਮਲ ਹੁੰਦੇ ਹਨ। ਇਕ ਵਿਸ਼ੇਸ਼ ਮੁਦਰਾ ਵਿਚ ਸਭ ਕੁਝ ਵਾਪਰਦਾ ਹੈ ਅਤੇ ਇਹ ਦੁਆ ਸਮੁੱਚੀ ਲੋਕਾਈ ਦੀ ਦੁਆ ਹੋ ਨਿਬੜਦੀ ਹੈ ਜੋ ਅਮਨ ਦੀ ਤਮੰਨਾ ਰੱਖਦੀ ਹੈ।

ਦੂਜਾ ਐਕਟ ਹੈ ਕਿ ਹਿੰਦੁਸਤਾਨ ਦੇ ਫੌਜੀ ਕਿਸੇ ਨੂੰ ਪਕੜ ਕੇ ਲੈ ਗਏ ਹਨ। ਬਾਹਰ ਗਏ ਬੇਟੇ ਦੀ ਵਾਪਸੀ 'ਤੇ ਮਾਂ ਇਹ ਖਬਰ ਬੇਟੇ ਨੂੰ ਦਸਦੀ ਹੈ। ਬੇਟੇ ਨੇ ਸਵੇਰੇ ਦੀ ਅਖਬਾਰ ਵਿਚ ਪੜ੍ਹਿਆ ਹੈ ਕਿ ਪੰਜ ਅਤਿਵਾਦੀਆਂ ਨੂੰ ਭਾਰਤੀ ਫੌਜ ਨੇ ਇਕ ਮੁਕਾਬਲੇ ਵਿਚ ਮਾਰ ਦਿੱਤਾ ਹੈ ਜੋ ਕਸਬੇ ਵਿਚ 35 ਸਿੱਖਾਂ ਦੇ ਕਤਲ ਦੇ ਜ਼ਿੰਮੇਵਾਰ ਸਨ। ਉਨ੍ਹਾਂ ਦੀ ਧਾਰਨਾ ਸੀ ਕਿ ਕਾਤਲ ਅਸਮਾਨੋਂ ਤਾਂ ਡਿੱਗੇ ਨਹੀਂ ਹਨ। ਮਾਂ ਦਾ ਫਿਕਰ ਇਹ ਹਕੀਕਤ ਬਣ ਜਾਂਦਾ ਹੈ ਕਿਉਂਕਿ ਬੇਟੇ ਦਾ ਬਾਪ ਤਿੰਨ ਦਿਨਾਂ ਤੋਂ ਵਾਪਸ ਨਹੀਂ ਆਇਆ।

ਤੀਸਰਾ ਐਕਟ ਹੈ, ਮਾਂ ਫਿਕਰ ਵਿਚ ਬੈਠੀ ਹੈ। ਬਾਹਰੋਂ ਆਵਾਜ਼ਾਂ ਆ ਰਹੀਆਂ ਹਨ। ਭਾਰਤੀ ਫੌਜੀਆਂ ਨੇ ਆਪਣੀ ਨਾਲਾਇਕੀ ਉਤੇ ਪਰਦਾ ਪਾਉਣ ਲਈ ਪੰਜ ਬੇਦੋਸ਼ਿਆਂ ਨੂੰ 35 ਸਿੱਖਾਂ ਦਾ ਕਾਤਲ ਕਹਿ ਕੇ ਝੂਠੇ ਮੁਕਾਬਲੇ ਵਿਚ ਮਾਰ ਮੁਕਾਇਆ ਹੈ। ਮਾਂ ਦੇ ਪ੍ਰਤੀਕਰਮ ਕਸ਼ਮੀਰ ਦੀ ਧਰਤੀ ਦਾ ਦੁੱਖ ਬਣ ਕੇ ਉਭਰਦੇ ਹਨ। ਸਿਖਰ ਹੈ, ਬਾਪ ਦਾ ਸਵੈਟਰ ਕਬਰ ਖੋਦ ਕੇ ਲਾਸ਼ ਨੂੰ ਬਾਹਰ ਕੱਢਣ 'ਤੇ ਪਛਾਣਿਆ ਜਾਣਾ ਇਸ ਤਰ੍ਹਾਂ ਮਾਂ ਨੂੰ ਖਬਰ ਮਿਲਦੀ ਹੈ ਕਿ ਬੇਟਾ ਰੋਸ ਵਿਖਾਵਾ ਕਰਨ ਵਾਲਿਆਂ ਉਤੇ ਚਲਾਈ ਪੁਲੀਸ ਦੀ ਗੋਲੀ ਨਾਲ ਮਾਰਿਆ ਗਿਆ ਹੈ।

ਮਾਂ ਦਾ ਵੈਣ ਹੈ। ਇਹ ਵੈਣ ਕਸ਼ਮੀਰ ਦੇ ਲੋਕਾਂ ਦਾ ਵੈਣ ਹੈ। ਨਾਟਕਕਾਰ ਦੀ ਆਖਰੀ ਟਿੱਪਣੀ ਹੈ:- 'ਕੀ ਅਸੀਂ ਇਸ ਮਾਂ ਦੇ ਦੁੱਖ ਨੂੰ ਘਟਾ ਸਕਦੇ ਹਾਂ ?'

ਜਵਾਬ ਹੈ, ਘਟਾ ਸਕਦੇ ਹਾਂ ਜੇ ਇਸ ਮਸਲੇ ਵੱਲ ਸੌੜੀ ਕੌਮਵਾਦੀ। ਸੋਚ ਤੋਂ ਉਤੇ ਉਠ ਕੇ ਧਿਆਨ ਦੇਈਏ। ਇਹ ਸਵਾਲ ਅਤੇ ਇਹਦਾ ਜਵਾਬ ਹਿੰਦੁਸਤਾਨ ਦੇ ਲੋਕਾਂ ਲਈ ਵੀ, ਪਾਕਿਸਤਾਨ ਦੇ ਲੋਕਾਂ ਲਈ ਵੀ ਅਤੇ ਕਸ਼ਮੀਰ ਦੇ ਲੋਕਾਂ ਲਈ ਵੀ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੈ।

ਇਹ ਨਾਟਕ ਪਲਸ ਮੰਚ ਦੇ ਪਹਿਲੀ ਮਈ ਦੇ ਸਾਰੀ ਰਾਤ ਦੇ ਨਾਟਕ ਮੇਲੇ ਵਿਚ ਪੇਸ਼ ਕੀਤਾ ਜਾ ਰਿਹਾ ਹੈ।